بِسۡمِ اللّٰہِ الرَّحۡمٰنِ الرَّحِیۡمِ        نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ        وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 15.12.2017

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

**ਸਹਾਬਾ ਕਰਾਮ ਨੇ ਅਲੱਾਹ ਅਤੇ ਉਸ ਦੇ ਰਸੂਲ ਸਲਲੱਾਹੁ ਅਲੈਹਿ ਵਸਲਮ ਦੇ ਮਾਰਗ ਵਿੱਚ ਉਹ ਸਿਦਕ ਦਿਖਇਆ ਹੈ ਕਿ ਉਹਨਾਂ ਨੂੰ رَضِیَ اللّٰہُ عَنۡہُمۡ وَرَضُوۡا عَنۡہُ (ਰਜ਼ੀਅਲੱਾਹੁ ਅਨਹੁਮ ਵ ਰਜ਼ੂ ਅਨਹੁ) ਦੀ ਆਵਾਜ਼ ਆ ਗਈ**

**ਰੱਬ ਤੋਂ ਰਾਜ਼ੀ ਹੋ ਜਾਣਾ ਮਨੁੱਖ ਦਾ ਕੰਮ ਨਹੀਂ ਸਗੋਂ ਇਹ ਤਾਂ ਰੱਬ'ਤੇ ਪੂਰਨ ਭਰੋਸਾ, ਰਜ਼ਾ ਤੇ ਸੰਤੋਖ ਦਾ ਉਚੱਤਮ ਸਥਾਨ ਹੈ**

**ਰੱਬ ਦਾ ਆਪਣੇ ਬੰਦੇ ਤੋਂ ਰਾਜ਼ੀ ਹੋਣਾ ਇਕ ਵਿਰਾਮ ਹੈ**
**ਬੰਦੇ ਦੇ ਕਾਮਲ ਸਿਦਕ ਤੇ ਵਫ਼ਾਦਾਰੀ ਅਤੇ ਉੱਤਮ ਦਰਜੇ ਦਾ ਪਾਕ ਤੇ ਪਵਿਤੱਰਤਾ ਅਤੇ ਕਾਮਲ ਆਗਿਆਕਾਰੀ ਉਪੱਰ, ਜਿਸ ਤੋਂ ਪਤਾ ਲਗੱਦਾ ਹੈ ਕਿ ਸਹਾਬਾ ਨੇ ਮੁਆਰਫ਼ਤ ਤੇ ਸੁਲੂਕ ਦੇ ਸਾਰੇ ਦਰਜੇ ਪਾਰ ਕਰ ਲਏ ਸਨ**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 15 ਦਸੰਬਰ 2017 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਮੋਰਡਨ ਲੰਦਨ ਵਿੱਚ ਦਿੱਤਾ ।**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਹੇਠ ਲਿਖੀ ਸੂਰਤ ਅਲਤੌਬਾ ਦੀ ਆਇਤ ਦੀ ਤਲਾਵਤ ਫ਼ਰਮਾਈ :

وَالسّٰبِقُوۡنَ الۡاَوَّلُوۡنَ مِنَ الۡمُهٰجِرِيۡنَ وَالۡاَنۡصَارِ وَالَّذِيۡنَ اتَّبَعُوۡهُمۡ بِاِحۡسَانٍ ۙ رَّضِىَ اللّٰهُ عَنۡهُمۡ وَرَضُوۡا عَنۡهُ وَاَعَدَّ لَهُمۡ جَنّٰتٍ تَجۡرِىۡ تَحۡتَهَا الۡاَنۡهٰرُ خٰلِدِيۡنَ فِيۡهَاۤ اَبَدًا ؕ ذٰلِكَ الۡفَوۡزُ الۡعَظِيۡمُ‏

ਅਰਥ : ਮੁਹਾਜਰਾਂ ਤੇ ਅੰਸਾਰ ਵਿੱਚੋਂ ਲੀਡ (ਅਗਾਂਹ ਵਧੂ) ਲੈ ਜਾਣ ਵਾਲੇ ਅਵੱਲੀਨ (ਪਹਿਲੇ ਲੋਕ) ਅਤੇ ਉਹ ਲੋਕ ਜਿੰਨ੍ਹਾ ਨੇ ਆਪਣੇ ਚੰਗੇ ਅਮਲਾਂ ਨਾਲ ਉਹਨਾਂ ਦੀ ਪੈਰ੍ਹਵੀ ਕੀਤੀ, ਰੱਬ ਉਹਨਾਂ ਤੋਂ ਰਾਜ਼ੀ ਹੋ

ਗਿਆ ਅਤੇ ਉਹ ਉਸ ਤੋਂ ਰਾਜ਼ੀ ਹੋ ਗਏ ਅਤੇ ਉਸ ਨੇ ਉਹਨਾਂ ਲਈ ਅਜਿਹੇ ਸਵਰਗ ਤਿਆਰ ਕੀਤੇ ਹਨ ਜਿੰਨ੍ਹਾ ਦੇ ਹੇਠ ਨਹਿਰਾਂ ਵਗੱਦੀਆਂ ਹਨ ਅਤੇ ਉਹ ਹਮੇਸ਼ਾ ਉਹਨਾਂ ਵਿੱਚ ਰਹਿਣ ਵਾਲੇ ਹਨ । ਇਹ ਬਹੁਤ ਵੱਡੀ ਸਫ਼ਲਤਾ ਹੈ ।

ਇਸ ਆਇਤ ਵਿੱਚ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦਾ ਵਰਨਣ ਹੈ ਜੋ ਲੀਡ ਲੈ ਜਾਣ ਵਾਲੇ ਹਨ ਜੋ ਰੁਹਾਨੀ ਮਰਤਬਿਆਂ ਵਿੱਚ ਸਾਰਿਆਂ ਤੋਂ ਉਪੱਰ ਹਨ ਅਤੇ ਆਪਣੇ ਇਮਾਨ ਦੇ ਮਿਆਰਾਂ ਅਤੇ ਰੱਬ ਦੀ ਸਿੱਖਿਆ ਅਨੁਸਾਰ ਕਰਮ ਕਰਨ ਵਾਲਿਆਂ ਵਿੱਚ ਬਾਕੀ ਸਾਰਿਆਂ ਨੂੰ ਪਿੱਛੇ ਛਡੱਣ ਵਾਲੇ ਹਨ । ਇਹ ਲੋਕ ਹਨ ਜੋ ਸਭ ਤੋਂ ਪਹਿਲਾਂ ਇਮਾਨ ਲਿਆਏ ਅਤੇ ਬਾਦ ਵਿੱਚ ਆਉਣ ਵਾਲਿਆਂ ਲਈ ਆਪਣੀਆਂ ਉਧਾਰਣਾਂ ਨਮੂਨੇ ਦੇ ਰੂਪ ਵਿੱਚ ਛੱਡ ਗਏ ਤਾਂ ਜੋ ਦੂਜੇ ਉਹਨਾਂ ਦੇ ਨਮੂਨੇ ਦੀ ਨਕਲ ਕਰਨ । ਸੋ, ਰੱਬ ਨੇ ਏਥੇ ਸਹਾਬਾ ਨੂੰ ਬਾਦ ਵਿੱਚ ਆਉਣ ਵਾਲਿਆਂ ਲਈ ਇਕ ਨਕਲ ਯੋਗ ਨਮੂਨਾ ਬਣਾਇਆ ਹੈ ਅਤੇ ਐਲਾਨ ਕੀਤਾ ਹੈ ਕਿ ਰੱਬ ਉਹਨਾਂ ਦੇ ਇਮਾਨਾ ਦੇ ਮਿਆਰ ਅਤੇ ਉਹਨਾ ਦੇ ਅਮਲਾਂ ਤੋਂ ਰਾਜ਼ੀ ਹੋਇਆ ਅਤੇ ਉਹਨਾਂ ਨੇ ਵੀ ਰੱਬ ਦੀ ਰਜ਼ਾ ਦੀ ਪ੍ਰਾਪਤੀ ਨੂੰ ਆਪਣੇ ਜੀਵਨ ਦਾ ਉਦੇਸ਼ ਬਣਾਇਆ । ਹਰ ਅਵਸਥਾ ਵਿੱਚ ਉਹ ਰੱਬ ਦੇ ਸ਼ੁਕਰਗੁਜ਼ਾਰ ਬੰਦਿਆਂ ਵਿੱਚ ਸ਼ਾਮਲ ਰਹੇ । ਸੋ, ਰੱਬ ਫ਼ਰਮਾਉਂਦਾ ਹੈ ਕਿ ਜੋ ਵੀ ਇਹਨਾਂ ਨਮੂਨਿਆਂ ਉਪੱਰ ਚਲਦੇ ਰਹਿਣਗੇ, ਵਿਸ਼ਵਾਸ, ਆਚਰਣ, ਨੇਕੀ ਅਤੇ ਨੇਕ ਅਮਲ ਬਜਾ ਲਿਆਉਂਦੇ ਰਹਿਣਗੇ, ਰੱਬ ਦੇ ਪੁਰਸਕਾਰ ਹਾਸਲ ਕਰਨ ਵਾਲੇ ਬਣਦੇ ਰਹਿਣਗੇ । ਰੱਬ ਦੀ ਪੈਰ੍ਹਵੀ ਨੂੰ ਸੁਮਾਰਗ ਪ੍ਰਾਪਤ ਕਰਨ ਦਾ ਸਾਧਨ ਬਣਾਇਆ ਹੈ । ਇਉਂ ਇਕ ਹਦੀਸ ਵਿੱਚ ਆਉਂਦਾ ਹੈ ਕਿ ਹਜ਼ਰਤ ਉਮਰ ਰਜ਼ੀ ਅਲੱਾਹ ਅਨਹੁ ਬਿਆਨ ਕਰਦੇ ਹਨ ਹਜ਼ੂਰ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਮੈਂ ਆਪਣੇ ਸਾਹਬਾ ਦੀ ਭਿੰਨਤਾ ਬਾਰੇ ਰੱਬ ਨੂੰ ਪ੍ਰਸ਼ਨ ਕੀਤਾ ਤਾਂ ਰੱਬ ਨੇ ਮੇਰੇ ਵੱਲ ਵਹੀ (ਇਲਹਾਮ) ਕੀਤੀ ਕਿ ਹੇ, ਮੁਹਮੱਦ (ਸਲਲੱਾਹੁ ਅਲੈਹਿ ਵਸਲ) ਤੇਰੇ ਸਹਾਬਾ ਦਾ ਮੇਰੇ ਨਜ਼ਦੀਕ ਅਜਿਹਾ ਮਰਤਬਾ ਹੈ ਜਿਵੇਂ ਅਕਾਸ਼ ਦੇ ਤਾਰੇ ਹਨ ਕਈ ਕਈਆਂ ਤੋਂ ਅਧਿਕ ਰੌਸ਼ਨ ਹਨ, ਪਰ ਨੂਰ ਹਰ ਇਕ ਵਿੱਚ ਮੌਜੂਦ ਹੈ । ਸੋ, ਜਿਸ ਨੇ ਤੇਰੇ ਕਿਸੇ ਸਹਾਬੀ ਦੀ ਪੈਰ੍ਹਵੀ ਕੀਤੀ, ਉਹ ਮੇਰੇ ਨੇੜੇ ਸੁਮਾਰਗ ਪ੍ਰਾਪਤ ਹੋਵੇਗਾ ।

ਸੋ, ਰੱਬ ਨੇ ਇਹ ਸਥਾਨ ਪ੍ਰਦਾਨ ਕੀਤਾ ਹੈ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਸਾਹਾਬਾ ਨੂੰ । ਹਰ ਇਕ ਉਹਨਾਂ ਵਿੱਚੋਂ ਸਾਡੇ ਲਈ ਮਾਰਗਦਰਸ਼ਨੀ ਹੈ । ਸਹਾਬਾ ਦੇ ਸਥਾਨ ਤੇ ਮਰਤਬੇ ਦਾ, ਰੱਬ ਦਾ ਉਹਨਾਂ ਤੋਂ ਰਾਜ਼ੀ ਹੋਣਾ ਅਤੇ ਉਹਨਾਂ ਤੋਂ ਰੱਬ ਦਾ ਰਾਜ਼ੀ ਹੋਣ ਦਾ ਵਰਨਣ ਕਰਦਿਆਂ ਹੋਇਆਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਦੇ ਹਨ ਕਿ ਸਹਾਬਾ ਕਰਾਮ ਨੇ ਰੱਬ ਅਤੇ ਉਸ ਦੇ ਰਸੂਲ ਸਲਲੱਾਹੁ ਅਲੈਅਹਿ ਵਸਲਮ ਦੇ ਮਾਰਗ ਵਿੱਚ ਉਹ ਸਿਦਕ ਦਿਖਾਇਆ ਕਿ ਉਹਨਾਂ ਨੂੰ (رَضِیَ اللّٰهُ عَنْهُمْ وَرَضُوْا عَنْهُ) ਰਜ਼ੀ ਅਲੱਾਹ ਅਨਹੁਮ ਵ ਰਜ਼ੂ ਅਨਹੁ' ਦੀ ਅਵਾਜ਼ ਆ ਗਈ । ਇਹ ਉਚੱਤਮ ਦਰਜੇ ਦਾ ਸਥਾਨ ਹੈ ਜੋ ਸਹਾਬਾ ਨੂੰ ਪ੍ਰਾਪਤ ਹੋਇਆ ਅਰਥਾਤ ਰੱਬ ਉਹਨਾਂ ਤੋਂ ਰਾਜ਼ੀ ਹੋ ਗਿਆ ਅਤੇ ਉਹ ਰੱਬ ਤੋਂ ਰਾਜ਼ੀ ਹੋ ਗਏ । ਇਸ ਸਥਾਨ ਦੀਆਂ ਖ਼ੂਬੀਆਂ ਤੇ ਕਮਾਲ ਸ਼ਬਦਾਂ ਵਿੱਚ ਵਰਨਣ ਨਹੀਂ ਹੋ ਸਕਦੇ । ਰੱਬ ਤੋਂ ਰਾਜ਼ੀ ਹੋ ਜਾਣਾ ਮਨੁੱਖ ਦਾ ਕੰਮ ਨਹੀਂ, ਸਗੋਂ ਇਹ ਕਾਮਲ ਭਰੋਸੇ, ਰਜ਼ਾ ਤੇ ਸਵੀਕਰਤੀ ਦਾ ਉਚੱਤਮ ਸਥਾਨ ਹੈ, ਜਿੱਥੇ ਪਹੁੰਚ ਕੇ ਮਨੁੱਖ ਨੂੰ ਕਿਸੇ ਵੀ ਪ੍ਰਕਾਰ ਦੀ ਸ਼ੰਕਾ ਤੇ ਸ਼ਿਕਾਇਤ ਆਪਣੇ ਰੱਬ ਤੋਂ ਨਹੀਂ ਰਹਿੰਦੀ ਅਤੇ ਰੱਬ ਦਾ ਆਪਣੇ ਬੰਦੇ ਤੋਂ ਰਾਜ਼ੀ ਹੋਣਾ ਵਿਰਾਮ ਹੈ ਬੰਦੇ ਦੀ ਕਾਮਲ ਸਚੱਾਈ ਵਫ਼ਦਾਰੀ ਅਤੇ ਉਚੱਤਮ ਦਰਜੇ ਦੀ ਪਵਿੱਤਰਤਾਈ ਤੇ ਪਾਕ ਹੋਣਾ ਅਤੇ

ਕਾਮਲ ਆਗਿਅਕਾਰੀ ਉਪੱਰ । ਜਿਸ ਤੋਂ ਪਤਾ ਲਗੱਦਾ ਹੈ ਕਿ ਸਹਾਬਾ ਨੇ ਮਆਰਫ਼ਤ ਤੇ ਸੁਲੂਕ (ਵਰਤਾਉ) ਦੇ ਸਾਰੇ ਦਰਜੇ ਪਾਰ ਕਰ ਲਏ ਸਨ ।

ਸੋ, ਸਹਾਬਾ ਸਾਡੇ ਲਈ ਨਮੂਨਾ ਹਨ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਇਕ ਮੌਕੇ ਆਪਣੇ ਸਹਾਬਾ ਦੇ ਮੁਕਾਮ ਤੇ ਮਰਤਬੇ ਬਾਰੇ ਵਰਨਣ ਕਰਦਿਆਂ ਹੋਇਆ ਫ਼ਰਮਾਉਂਦੇ ਹਨ ਕਿ ਕਿ ਮੇਰੇ ਸਹਾਬਾ ਬਾਰੇ ਰੱਬ ਦੇ ਡਰ ਨਾਲ ਕੰਮ ਲੈਂਣਾ, ਉਹਨਾਂ ਨੂੰ ਤਾਹਨਿਆ ਮਿਹਨਿਆ ਦਾ ਨਿਸ਼ਾਨਾ ਨ ਬਨਾਉਂਣਾ । ਜੋ ਵਿਅਕਤੀ ਉਹਨਾਂ ਨਾਲ ਪ੍ਰੇਮ ਕਰੇਗਾ ਤਾਂ ਉਹ ਵਾਸਤਵ ਵਿੱਚ ਮੇਰੇ ਪ੍ਰੇਮ ਕਰਕੇ ਕਰੇਗਾ ਅਤੇ ਜੋ ਵਿਅਕਤੀ ਉਹਨਾਂ ਨਾਲ ਕੀਨਾ ਰੱਖੇਗਾ ਉਹ ਵਾਸਤਵ ਵਿੱਚ ਮੇਰੇ ਨਾਲ ਕੀਨਿ ਕਰਕੇ ਉਹਨਾ ਨਾਲ ਕੀਨਾ ਰੱਖੇਗਾ । ਜੋ ਵਿਅਕਤੀ ਉਹਨਾਂ ਨੂੰ ਦੁੱਖ ਦੇਵੇਗਾ, ਉਸ ਨੇ ਮੈਂਨੂੰ ਦੁੱਖ ਦਿਤੱਾ ਅਤੇ ਜਿਸ ਦੇ ਮੈਂਨੂੰ ਦੁੱਖ ਦਿਤੱਾ ਉਸ ਨੇ ਰੱਬ ਨੂੰ ਦੁੱਖ ਦਿਤੱਾ ਅਤੇ ਜਿਸ ਰੱਬ ਨੇ ਦੁੱਖ ਦਿਤੱਾ ਅਤੇ ਨਰਾਜ਼ ਕੀਤਾ ਤਾਂ ਜ਼ਾਹਰ ਹੈ ਕਿ ਉਹ ਰੱਬ ਦੀ ਪਕੜ ਵਿੱਚ ਹੈ ।

ਫਿਰ ਇਕ ਥਾਂ ਆਪ ਫ਼ਰਮਾਉਂਦੇ ਹਨ ਕਿ ਮੇਰੇ ਸਹਾਬਾ ਨੂੰ ਬੁਰਾ ਭਲਾ ਨ ਆਖਣਾ । ਉਹਨਾਂ ਦੇ ਕਿਸੇ ਵੀ ਕਦਮ ਦੀ ਅਲੋਚਨਾ ਨ ਕਰਨਾ । ਰੱਬ ਦੀ ਸਹੁੰ ਜਿਸ ਦੇ ਹੱਥ ਵਿੱਚ ਮੇਰੀ ਜਾਨ ਹੈ ਜੇਕਰ ਤੁਸੀਂ ਉਹਦ ਪਹਾੜ ਦੇ ਬਰਾਬਰ ਵੀ ਸੋਨਾ ਖ਼ੈਰਾਤ ਕਰੋ ਤਾਂ ਵੀ ਤੁਹਾਨੂੰ ਐਨ੍ਹਾ ਪੁੰਨ ਤੇ ਇਨਾਮ ਨਹੀਂ ਮਿਲੇਗਾ ਜਿੰਨ੍ਹਾ ਇਕ ਪਾੜਾ ਜਾਂ ਇਸ ਦੇ ਅਧੱ ਦੇ ਬਰਾਬਰ ਖਰਚ ਕਰਨ'ਤੇ ਮਿਲਿਆ ਸੀ ।

ਸੋ, ਇਹ ਉਹ ਲੋਕ ਹਨ ਜਿੰਨ੍ਹਾ ਦਾ ਮੁਕਾਮ ਤੇ ਮਰਤਬਾ ਬਹੁਤ ਬੁਲੰਦ ਹੈ ਅਤੇ ਸਾਡੇ ਲਈ ਨਮੂਨਾ ਹਨ, ਇਹਨਾ ਦੇ ਪਿੱਛੇ ਅਸੀਂ ਚਲੱਣਾ ਹੈ, ਜੇਕਰ ਰੱਬ ਦੀ ਰਜ਼ਾ ਹਾਸਲ ਕਰਨੀ ਹੈ ਤਾਂ । ਕੁਜਾ ਇਹ ਕਿ ਕਿਸੇ ਦੇ ਵਿਰੁਧ ਗੱਲ ਕੀਤੀ ਜਾਵੇ ਜਾਂ ਕਿਸੇ ਬਾਰੇ ਸੋਚ ਵਿੱਚ ਵਿਚਾਰ ਆਏ । ਕਿਸੇ ਦੇ ਮਰਤਬੇ ਨੂੰ ਅਸੀਂ ਆਪਣੇ ਬਣਾਏ ਹੋਏ ਮਿਆਰਾਂ ਅਨੁਸਾਰ ਪਰਖਣ ਦਾ ਜਤਨ ਕਰੀਏ, ਇਹ ਗ਼ਲਤ ਤਰੀਕਾ ਹੈ ।

ਸਾਨੂੰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਸਹਾਬਾ ਦੇ ਮੁਕਾਮ ਤੇ ਮਰਤਬੇ ਦਾ ਹੋਰ ਵਧੇਰੇ ਜਾਗਰੂਕਤਾ ਦਿੰਦਿਆਂ ਹੋਇਆ ਫ਼ਰਮਾਉਂਦੇ ਹਨ ਕਿ ਨਿਆਏ ਦੀ ਦ੍ਰਿਸ਼ਟੀ ਨਾਲ ਦੇਖਿਆ ਜਾਵੇ ਤਾਂ ਸਾਡੇ ਕਾਮਲ ਮਾਰਗਦਰਸ਼ਕ (ਸਲਲੱਾਹੁ ਅਲੈਹਿ ਵਸਲਮ) ਦੇ ਸਹਾਬਾ ਨੇ ਆਪਣੇ ਰੱਬ ਅਤੇ ਰਸੂਲ ਲਈ ਕੀ ਕੀ ਕੁਰਬਾਨੀਆਂ ਕੀਤੀਆਂ, ਦੇਸ਼ ਵਿੱਚੋਂ ਕੱਢੇ ਗਏ, ਜ਼ੁਲਮ ਢਾਏ ਗਏ, ਭਿੰਨ੍ਹ ਭਿੰਨ੍ਹ ਔਕੁੜਾਂ ਝੱਲੀਆਂ, ਜਾਨਾ ਵਾਰੀਆਂ ਪਰ ਸਿਦਕ ਨ ਛੱਡਿਆ ਅਤੇ ਵਫ਼ਾਦਾਰੀ ਨਾਲ ਕਦਮ ਮਾਰਦੇ ਗਏ । ਸੋ, ਉਹ ਕਿਹੜੀ ਗੱਲ ਸੀ ਜਿਸ ਨੇ ਉਹਨਾਂ ਨੂੰ ਅਜਿਹਾ ਜਾਨ ਵਾਰਨ ਵਾਲਾ ਬਣਾ ਦਿਤੱਾ ! ਉਹ ਸੱਚੇ ਇਲਾਹੀ ਪ੍ਰੇਮ ਦਾ ਜੋਸ਼ ਸੀ ਜਿਸ ਦੀਆਂ ਕਿਰਣਾ ਉਹਨਾਂ ਦੇ ਮਨ'ਤੇ ਪੈ ਚੁਕੀਆਂ ਸਨ । ਇਸ ਲਈ ਭਾਵੇਂ ਕਿਸੇ ਨਬੀ ਨਾਲ ਮੁਕਾਬਲਾ ਕਰ ਲਿਆ ਜਾਵੇ ਆਪ ਸਲਲੱਾਹੁ ਅਲੈਹਿ ਵਸਲਮ ਦੀ ਸਿੱਖਿਆ, ਆਪਣੇ ਆਪੇ ਦੀ ਪੜਤਾਲ , ਆਪਣੇ ਪੈਰੋਕਾਰਾਂ ਨੂੰ ਦੁਨੀਆ ਤੋਂ ਉਪਰਾਮ ਕਰਾ ਦੇਣਾ, ਆਪਣੀ ਸੂਝ ਬੂਝ ਤੇ ਸ਼ੂਰਰਵੀਰਤਾ ਨਾਲ , ਇਸ ਦੀ ਉਧਰਣ ਕਿਤੇ ਨਹੀਂ ਮਿਲ ਸਕੇਗੀ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਸਹਾਬਾ ਵਿੱਚ ਜੋ ਆਪਸੀ ਮਿਲਵਰਤਨ ਤੇ ਪ੍ਰੇਮ ਸੀ, ਉਸ ਦਾ ਚਿਤੱਰ ਦੋ ਵਾਕਾਂ ਵਿੱਚ ਵਰਨਣ ਕੀਤਾ ਹੈ, ਕੁਰਆਨ ਕਰੀਮ ਵਿੱਚ ਫ਼ਰਮਾਇਆ ਹੈ ਕਿ (وَاَلَّفَ بَيْنَ قُلُوْبِهِمْ لَوْ اَنْفَقْتَ مَا فِي الْاَرْضِ جَمِيْعًا مَّآ اَلَّفْتَ بَيْنَ قُلُوْبِهِمْ) 'ਵ-ਅਲੱਫ਼ਾ ਬੈਨਾ

ਕੁਲੂਬਿਹਿਮ ਲੌ ਅਨਫ਼ਕਤਾ ਮਾ ਫ਼ਿਲ ਅਰਜ਼ਿ ਜਮੀਅੰਮ ਮਾ ਅਲੱਫ਼ਤਾ ਬੈਨਾ ਕੁਲੂਬਿਹਿਮ' ਅਰਥਾਤ ਜੋ ਸੰਕਲਨ ਉਹਨਾਂ ਵਿੱਚ ਹੈ ਉਹ ਉਕੱਾ ਹੀ ਨ ਪੈਦਾ ਹੁੰਦਾ ਭਾਵੇਂ ਸੋਨੇ ਦਾ ਪਹਾੜ ਵੀ ਦਿਤੱਾ ਜਾਂਦਾ । ਆਪ ਫ਼ਰਮਾਉਂਦੇ ਹਨ ਕਿ ਹੁਣ ਇਕ ਹੋਰ ਜਮਾਤ ਮਸੀਹ ਮੌਊਦ ਅਲੈਹਿ ਸਲਾਮ ਦੀ ਹੈ ਜਿਸ ਨੇ ਆਪਣੇ ਅੰਦਰ ਸਹਾਬਾ ਦਾ ਰੰਗ ਪੈਦਾ ਕਰਨਾ ਹੈ । ਸਹਾਬਾ ਦੀ ਤਾਂ ਉਹ ਪਾਕ ਜਮਾਤ ਸੀ ਜਿਸ ਦੀ ਉਸਤਤੀ ਵਿੱਚ ਕੁਰਆਨ ਕਰੀਮ ਭਰਿਆ ਪਿਆ ਹੈ । ਫ਼ਰਮਾਉਂਦੇ ਹਨ ਕੀ ਆਪ ਲੋਕ ਅਜਿਹੇ ਹਨ । ਜੱਦ ਰੱਬ ਕਹਿੰਦਾ ਹੈ ਕਿ ਮਸੀਹ ਦੇ ਨਾਲ ਉਹ ਲੋਕ ਹੋਣਗੇ ਜੋ ਸਹਾਬਾ ਦੇ ਮਿਤੱਰ ਹੋਣਗੇ । ਸਹਾਬਾ ਤਾਂ ਉਹ ਸਨ ਜਿੰਨ੍ਹਾ ਨੇ ਆਪਣਾ ਮਾਲ, ਆਪਣਾ ਦੇਸ਼ ਸਚੱਾਈ ਦੇ ਮਾਰਗ ਵਿੱਚ ਦੇ ਦਿਤੱਾ ਸੀ ਅਤੇ ਸਭ ਕੁਝ ਛੱਡ ਦਿਤੱਾ । ਹਜ਼ਰਤ ਸਿੱਦੀਕੇ ਅਕਬਰ ਰਜ਼ੀ ਅਲੱਾਲਹ ਅਨਹੁ ਦਾ ਮਾਮਲਾ ਅਨੇਕਾਂ ਵਾਰੀ ਸੁਣਿਆ ਹੋਵੇਗਾ । ਇਕ ਵਾਰ ਜੱਦ ਰੱਬ ਦੇ ਮਾਰਗ ਵਿੱਚ ਮਾਲ ਦੇਣ ਦਾ ਹੁਕੁਮ ਹੋਇਆ ਤਾਂ ਘਰ ਦੀ ਸਾਰੀ ਸੰਪਤੀ ਲੈ ਆਏ, ਜੱਦ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਆਪ ਨੂੰ ਪੱਛਿਆ ਕਿ ਘਰ ਵਿੱਚ ਕੀ ਛੱਡ ਆਏ ਹੋ ਤਾਂ ਫ਼ਰਮਾਇਆ ਰੱਬ ਅਤੇ ਰਸੂਲ ਨੂੰ ਘਰ ਵਿੱਚ ਛੱਡ ਆਇਆ ਹਾਂ । ਆਪ ਫ਼ਰਮਾਉਂਦੇ ਹਨ ਕਿ ਮੱਕੇ ਦਾ ਰਈਸ ਹੋਵੇ ਅਤੇ ਕੰਬਲਪੋਸ਼ ਹੋਵੇ । ਇਹ ਸਮਝ ਲਓ ਕਿ ਰੱਬ ਦੇ ਮਾਰਗ ਵਿੱਚ ਸ਼ਹੀਦ ਹੋ ਗਏ, ਉਹਨਾਂ ਲਈ ਤਾਂ ਇਹੋ ਲਿੱਖਿਆ ਹੈ ਕਿ ਸੈਫ਼ ਅਰਥਾਤ ਤਲਵਾਰਾਂ ਹੇਠ ਸਵਰਗ ਹੈ ਪਰੰਤੂ ਸਾਡੇ ਲਈ ਐਨ੍ਹੀ ਸ਼ਖ਼ਤੀ ਨਹੀਂ ਕਿਉਂਕਿ 'ਯਜ਼ਾਉਲ ਹਰਬ' ਸਾਡੇ ਲਈ ਹੀ ਆਇਆ ਹੈ ਅਰਥਾਤ ਮਹਦੀ ਦੇ ਯੁੱਗ ਵਿੱਚ ਲੜਾਈ ਨਹੀਂ ਹੋਵੇਗੀ । ਫਿਰ ਸਹਾਬਾ ਦੀ ਜੀਵਨ ਸ਼ੈਲੀ ਦਾ ਚਿਤੱਰ ਵਰਨਣ ਕਰਦਿਆਂ ਹੋਇਆਂ ਫ਼ਰਮਾਉਂਦੇ ਹਨ ਕਿ ਦੇਖੋ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਸਹਾਬਾ ਵੱਡੇ ਵੱਡੇ ਸਹਾਬਾ ਜਿੰਨ੍ਹਾ ਤੋਂ ਰੱਬ ਰਾਜ਼ੀ ਹੋਇਆ ਸਾਰੇ ਦੇ ਸਾਰੇ ਅਰਾਮ ਪਸੰਦ ਤੇ ਖਾਣਪੀਣ ਦਾ ਦਿਲਦਾਦਾ ਸਨ ਜੋ ਕੁਫ਼ਾਰ ਉਪੱਰ ਗ਼ਾਲਬ ਸਨ ? ਕੇਵਲ ਆਸਾਨੀਆ ਚਾਹੁੰਦੇ ਹਨ ਇਸ ਲਈ ਕੁਫ਼ਾਰਾਂ'ਤੇ ਗ਼ਾਲਬ ਆ ਗਏ, ਫ਼ਰਮਾਇਅ, ਨਹੀਂ ਇਹ ਗਲ ਤਾਂ ਉਕੱਾ ਹੀ ਹਨੀਂ । ਪਹਿਲੀਆਂ ਕਿਤਾਬਾਂ ਵਿੱਚ ਇਹਨਾਂ ਬਾਰੇ ਆਇਆ ਹੈ ਕਿ ਉਹ ਰਾਤਾਂ ਨੂੰ ਉਠੱਕੇ ਬੰਦਗੀ ਕਰਨ ਵਾਲੇ (ਕਾਇਮੁਲ ਲੈਲ) ਅਤੇ ਦਿਨ ਨੂੰ ਰੋਜ਼ਾ (ਵਰਤ) ਰਖੱਕੇ ਇਬਾਦਤ ਕਰਨ ਵਾਲੇ ਹੋਣਗੇ । ਉਹਨਾਂ ਦੀਆਂ ਰਾਤਾਂ ਸਿਮਰਣ ਤੇ ਚਿੰਤਨ ਵਿੱਚ ਲੰਘਦੀਆਂ ਸਨ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਸਹਾਬਾ ਦੇ ਕਿਹੋ ਜਿਹੇ ਨਮੂਨੇ ਸਨ ਜੋ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਪਵਿੱਤਰ ਸੰਗਤ ਦੇ ਸਿੱਟੇ ਵਿੱਚ ਉਹਨਾਂ ਵਿੱਚ ਪੈਦਾ ਹੋਏ । ਇਸ ਦੇ ਕੁਝ ਨਮੂਨੇ ਪੇਸ਼ ਕਰਦਾ ਹਾਂ ।

ਹਜ਼ਰਤ ਉਮਰ ਦੀ ਵਿਨਮ੍ਰਤਾ ਦੀ ਇਕ ਘਟਨਾ ਦਾ ਵਰਨਣ ਇਉਂ ਮਿਲਦਾ ਹੈ ਕਿ ਇਕ ਵਿਕਅਤੀ ਨੇ ਹਜ਼ਰਤ ਉਮਰ ਨੂੰ ਕਿਹਾ ਕਿ ਆਪ ਹਜ਼ਰਤ ਅਬੂ ਬਕਰ ਤੋਂ ਚੰਗੇ ਹਨ । ਇਸ'ਤੇ ਹਜ਼ਰਤ ਉਮਰ ਰੋਣ ਲੱਗੇ ਅਤੇ ਫ਼ਰਮਾਇਆ ਕਿ ਰੱਬ ਦੀ ਸਹੁੰ ਹਜ਼ਰਤ ਅਬੂ ਬਕਰ ਦੀ ਇਕ ਰਾਤ ਅਤੇ ਇਕ ਦਿਨ ਹੀ ਉਮਰ ਤੇ ਉਸਦੀ ਸੰਤਾਨ ਦੀ ਪੂਰੇ ਜੀਵਨ ਤੋਂ ਚੰਗੀ ਹੈ । ਫ਼ਰਮਾਇਆ ਕਿ ਮੈਂ ਤੁਹਾਨੂੰ ਉਸ ਰਾਤ ਤੇ ਦਿਨ ਦਾ ਹਾਲ ਸੁਣਾਵਾਂ, ਪੁਛੱਣ ਵਾਲੇ ਦੇ ਹਾਂ ਕਹਿਣ'ਤੇ ਆਪ ਨੇ ਫ਼ਰਮਾਇਆ ਕਿ ਉਹਨਾਂ ਦੀ ਰਾਤ ਤਾਂ ਉਹ ਸੀ ਜੱਦ ਉਹਨਾਂ ਨੂੰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੂੰ ਹਿਜਰਤ ਕਰਕੇ ਰਾਤ ਨੂੰ ਜਾਣਾ ਪਿਆ ਅਤੇ ਹਜ਼ਰਤ ਅਬੂ

ਬਕਰ ਰਜ਼ੀ ਅਲੱਾਹ ਅਨਹੁ ਨੇ  ਆਪ ਦਾ ਸਾਥ ਦਿਤੱਾ ਅਤੇ ਉਹਨਾਂ ਦਾ ਦਿਨ ਉਹ ਦਿਨ ਸੀ ਜੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੀ ਵਫ਼ਾਤ ਹੋਈ ਅਤੇ ਅਰਬ ਨਮਾਜ਼ ਤੇ ਜ਼ਕਾਤ ਤੋਂ ਇਨਕਾਰੀ ਹੋ ਗਏ ਉਸ ਸਮੇਂ ਉਹਨਾਂ ਨੇ ਮੇਰੇ ਮਸ਼ਵਰੇ ਦੇ ਵਿਰੁਧ ਜਿਹਾਦ ਦਾ ਨਿਸ਼ਚਾ ਕੀਤਾ ਅਤੇ ਰੱਬ ਨੇ ਉਹਨਾਂ ਨੂੰ ਇਸ ਵਿੱਚ ਸਫ਼ਲਤਾ ਪ੍ਰਦਾਨ ਕਰਕੇ ਸਿੱਧ ਕੀਤਾ ਕਿ ਉਹ ਸਚੱਾਈ ਉਪੱਰ ਸਨ ।

ਫਿਰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਇਕ ਹੋਰ ਜਲਾਲ ਵਾਲੇ ਸਹਾਬੀ ਹਜ਼ਰਤ ਉਸਮਾਨ ਸਨ ਜੋ ਤੀਜੇ ਖ਼ਲੀਫ਼ਾ ਵੀ ਸਨ । ਹਜ਼ਰਤ ਆਇਸ਼ਾ ਫ਼ਰਮਾਉਂਦੀ ਹਨ ਕਿ ਹਜ਼ਰਤ ਉਸਮਾਨ ਤੋਂ ਵਧੱਕੇ ਦਿਆਲਤਾ ਕਰਨ ਵਾਲੇ ਅਤੇ ਸਭ ਤੋਂ ਵਧੱਕੇ ਰੱਬ ਤੋਂ ਡਰਨ ਵਾਲੇ ਸਨ । ਜੱਦ ਮਸਜਿਦ ਨਬਵੀ ਦੇ ਵਿਸਥਾਰ ਦਾ ਮਾਮਲਾ ਆਇਆ ਤਾਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਆਲ੍ਹੇ ਦੁਆਲੇ ਦੇ ਜਿੰਨ੍ਹੇ ਘਰ ਹਨ ਉਹਨਾਂ ਨੂੰ ਮਸਜਿਦ ਵਿੱਚ ਸ਼ਾਮਲ ਕਰ ਲਿਆ ਜਾਵੇ । ਸਪਸ਼ਟ ਗੱਲ ਹੈ ਕਿ ਉਹ ਘਰ ਲੋਕਾਂ ਤੋਂ ਖ਼ਰੀਦਨੇ ਸਨ । ਉਸ ਸਮੇਂ ਹਜ਼ਰਤ ਉਸਮਾਨ ਨੇ ਝੱਟ ਆਪਣੇ ਆਪ ਨੂੰ ਪੇਸ਼ ਕੀਤਾ ਕਿ ਮੈਂ ਇਹ ਮੁੱਲ ਲੈਂਦਾ ਹਾਂ ਅਤੇ ਪੰਦਰ੍ਹਾ ਹਜ਼ਾਰ ਦਿਰਹਮ ਦੇਕੇ ਉਹ ਥਾਂ ਖ਼ਰੀਦ ਲਈ । ਮੁਸਲਮਾਨਾਂ ਨੂੰ ਪਾਣੀ ਦੀ ਔਖ ਦਾ ਸਾਹਮਣਾ ਹੋਇਆ, ਇਕ ਯਹੂਦੀ ਦਾ ਖੂਹ ਸੀ ਓਥੋਂ ਪਾਣੀ ਲੈਂਣ ਵਿੱਚ ਕਠਿਨਾਈ ਸੀ ਤਾਂ ਆਪ ਨੇ ਯਹੂਦੀ ਨੂੰ ਮੂੰਹ ਮੰਗੀ ਕੀਮਤ'ਤੇ ਖੂਹ ਖ਼ਰੀਦ ਕੇ ਮੁਸਲਮਾਨਾਂ ਲਈ ਪਾਣੀ ਦਾ ਪ੍ਰਬੰਧ ਕਰ ਦਿਤੱਾ ।

ਫਿਰ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਹਨ । ਅਮੀਰ ਮੁਆਵੀਆਹ ਨੇ ਕਿਸੇ ਤੋਂ ਹਜ਼ਰਤ ਅਲੀ ਰਜ਼ੀ ਅਲਹ ਅਨਹੁ ਦੇ ਗੁਣ ਵਰਨਣ ਕਰਨ ਲਈ ਕਿਹਾ, ਉਸ ਨੇ ਕਿਹਾ ਕਿ ਓਹ ਬੁਲੰਦ ਹੌਂਸਲੇ ਤੇ ਦ੍ਰਿੜ੍ਹ ਸ਼ਰੀਰ ਨਾ ਮਾਲਕ ਸਨ । ਨਿਰਣਾਇਕ ਗੱਲ ਕਹਿੰਦੇ ਸਨ ਅਤੇ ਨਿਆਂ ਪੂਰਬਕ ਫ਼ੈਸਲਾ ਕਰਦੇ ਸਨ । ਉਹਨਾਂ ਵੱਲੋਂ ਗਿਆਨ ਦਾ ਸੋਮਾ ਫੁਟੱਦਾ ਅਤੇ ਦਾਨਾਈ ਉਹਨਾਂ ਦੇ ਹਰ ਪੱਖੋਂ ਵਗੱਦੀ ਸੀ । ਦੁਨੀਆ ਅਤੇ ਉਸ ਦੀਆਂ ਰੌਣਕਾਂ ਤੋਂ ਡਰ ਅਨੁਭਵ ਕਰਦੇ ਅਤੇ ਰਾਤ ਤੇ ਉਸ ਦੀ ਇਕਾਂਤ ਤੋਂ ਸਨੇਹ ਰਖੱਦੇ, ਉਹ ਬਹੁਤ ਰੋਣ ਵਾਲੇ ਤੇ ਲੰਮਾ ਗ਼ੌਰ ਕਰਨ ਵਾਲੇ ਸਨ, ਉਹ ਸਾਡੇ ਵਿੱਚ ਸਾਡੇ ਵਾਂਗ ਰਹਿੰਦੇ, ਬਹੁਤ ਸਾਦਾ ਜੀਵਨ ਸੀ । ਰੱਬ ਦੀ ਸਹੁੰ ਅਸੀਂ ਉਹਨਾਂ ਨਾਲ ਪ੍ਰੇਮ ਤੇ ਨੇੜਤਾ ਦਾ ਸੰਬੰਧ ਹੁੰਦਿਆਂ ਹੋਇਆਂ ਵੀ ਉਹਨਾਂ ਦੇ ਰੁਹਬ ਕਰੇ ਉਹਨਾਂ ਨਾਲ ਗੱਲ ਕਰਨ ਤੋਂ ਰੁਕਦੇ ਸੀ । ਉਹ ਦੀਨਦਾਰ (ਧਾਰਮਕ) ਲੋਕਾਂ ਦਾ ਸਤਿਕਾਰ ਕਰਦੇ ਅਤੇ ਮਿਸਕੀਨਾ ਨੂੰ ਅਪਣੇ ਕੋਲ ਥਾਂ ਦਿੰਦੇ । ਸ਼ਕਤੀਸ਼ਾਲੀ ਨੂੰ ਉਸ ਦੇ ਝੂਠੇ ਅਹੰਕਾਰ ਵਿੱਚ ਲੋਭ ਦਾ ਮੋਕਾ ਨ ਦਿੰਦੇ । ਅਮੀਰ ਮੁਆਵੀਆਹ ਨੇ ਕਿਹਾ ਤੁਸੀਂ ਸਚੱ ਕਹਿੰਦੇ ਹੋ ਅਤੇ ਰੋ ਪਏ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ : ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਅਤੇ ਸਹਾਬਾ ਕਰਾਮ ਰਿਜ਼ਵਨੁਲੱਾਹ ਅਲੈਹਿਮ ਦੇ ਯੁੱਗ ਨੂੰ ਜੇਕਰ ਦੇਖਿਆ ਜਾਵੇ ਤਾਂ ਪਤਾ ਲਗੱਦਾ ਹੈ ਕਿ ਉਹ ਲੋਕ ਬਹੁਤ ਸਿੱਧੇ ਸਾਦੇ ਸਨ ਜਿਵੇਂ ਕਿ ਇਕ ਭਾਂਡਾ ਕਲੀ ਕਰਾਕੇ ਸਾਫ਼ ਸੁਥਰਾ ਹੋ ਜਾਂਦਾ ਹੈ, ਅਜਿਹੇ ਹੀ ਉਹਨਾਂ ਲੋਕਾਂ ਦੇ ਦਿਲ ਸਨ ਜੋ ਕਲਾਮੇ ਇਲਾਹੀ ਦੇ ਨੂਰਾਂ ਨਾਲ ਰੌਸ਼ਨ ਅਤੇ ਕੀਨੇ ਸਾੜੇ ਦੇ ਨਫ਼ਸਾਨੀ ਜ਼ੰਗ ਤੋਂ ਪੂਰਨਤਾ ਪਾਕ ਸਨ । ਸੰਭਵਤਾ (قَدْ أَفْلَحَ مَنْ تَزَكَّىٰ) 'ਕਦ ਅਫ਼ਲਾਹਾ ਮਨ ਤਜ਼ਕੱਾ'  ਦੇ ਸੱਚੇ ਰੂਪਕ ਸਨ । ਆਪ ਫ਼ਰਮਾਉਂਦੇ ਹਨ ਕਿ ਜੇਕਰ ਮਨੁੱਖ ਇਸੇ ਪ੍ਰਕਾਰ ਸਾਫ਼ ਹੋਵੇ ਅਤੇ ਆਪਣੇ ਆਪ ਨੂੰ ਕਲੀ ਕੀਤੇ ਭਾਂਡੇ ਵਾਂਗ

ਚਮਕਦਾ ਕਰੇ ਤਾਂ ਰੱਬ ਦੇ ਪੁਰੁਸਕਾਰਾਂ ਦਾ ਖਾਣਾ ਉਸ ਵਿੱਚ ਪਾ ਦਿਤੱਾ ਜਾਵੇ, ਪਰ ਹੁਣ ਕਿੰਨ੍ਹੇ ਅਜਿਹੇ ਹਨ ਜੋ ਅਜਿਹੇ ਹਨ ਅਤੇ قَدْ اَفْلَحَ مَنْ تَزَكّٰى 'ਕਦ ਅਫ਼ਲਾਹਾ ਮਨ ਤਜ਼ਕੱਾ' ਦੇ ਮਿਸਦਾਕ ਹਨ ।

ਸੋ, ਸਾਨੂੰ ਇਹ ਜਤਨ ਕਰਨਾ ਚਾਹੀਦਾ ਹੈ ਕਿ ਅਸੀਂ ਆਪਣਾ ਸੁਧਾਰ ਕਰੀਏ ਅਤੇ ਆਪਣੇ ਭਾਂਡਿਆਂ ਨੂੰ ਸਾਫ਼ ਕਰੀਏ ਅਤੇ ਜੱਦ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਮੰਨਿਆ ਹੈ, ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਸੱਚੇ ਆਸ਼ਕ ਨੂੰ ਇਸ ਯੁੱਗ ਵਿੱਚ ਮੰਨਿਆ ਹੈ ਤਾਂ ਫਿਰ ਉਹਨਾਂ ਸਾਰੀਆਂ ਗਲੱਾਂ'ਤੇ ਅਮਲ ਕਰਨ ਦਾ ਵੀ ਜਤਨ ਕਰਨਾ ਚਾਹੀਦਾ ਹੈ ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਵਰਨਣ ਕੀਤੀਆਂ ਹਨ, ਫਿਰ ਹੀ ਅਸੀਂ ਸੱਚੇ ਮੁਸਲਮਾਨ ਬਣ ਸਕਦੇ ਹਨ । ਅਲੱਾਹ ਤਆਲਾ ਸਾਨੂੰ ਇਸ ਦੀ ਤੌਫ਼ੀਕ ਪ੍ਰਦਾਨ ਕਰੇ ।

**Khulasa Khutba Jumma 15.12.2017**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131